- ਫੈਮਿਲੀ ਕਲਾਸ ਸਪੌਂਸਰਸ਼ਿਪ ਅਧੀਨ ਸਪੌਂਸਰ ਬਣਨ ਨਾਲ ਜਾਂ ਸਪੌਂਸਰਸ਼ਿਪ ਦੇ ਇਕਰਾਰਨਾਮੇ ਦੀ ਕੁਤਾਹੀ ਕਰਨ ਨਾਲ, ਸੂਬੇ ਤੋਂ ਇਨਕਮ ਅਸਿਸਟੈਂਸ ਲੈਣ ਦੀ ਤੁਹਾਡੀ ਆਪਣੀ ਹੱਕਦਾਰੀ ’ਤੇ ਕੋਈ ਅਸਰ ਨਹੀਂ ਪੈਂਦਾ।

## ਜੇ ਮੈਨੂੰ ਦੁਰਵਿਹਾਰ ਦਾ ਖਤਰਾ ਹੋਵੇ ਤਾਂ ਕੀ ਹੋਵੇਗਾ?

- ਜੇ ਤੁਹਾਡੇ ਮੁਤਾਬਕ ਜਾਂ ਤੁਹਾਡੇ ਵਲੋਂ ਸਪੌਂਸਰ ਕੀਤੇ ਗਏ ਪਰਿਵਾਰ ਦੇ ਮੈਂਬਰ ਮੁਤਾਬਕ, ਸਪੌਂਸਰਸ਼ਿਪ ਦੇ ਕਰਜ਼ੇ ਦੀ ਉਗਰਾਹੀ ਨਾਲ ਸਿਹਤ ਨੂੰ ਖਤਰਾ ਜਾਂ ਪਰਿਵਾਰ ਦੇ ਮੈਂਬਰ ਵਲੋਂ ਦੁਰਵਿਹਾਰ ਦਾ ਖਤਰਾ ਹੋਵੇ ਤਾਂ ਐੱਮ ਈ ਆਈ ਏ, ਕਰਜ਼ਾ ਮੋੜਣ ਲਈ ਤੁਹਾਨੂੰ ਜ਼ਿਆਦਾ ਸਮਾਂ ਦੇ ਸਕਦੀ ਹੈ।
- ਐੱਮ ਈ ਆਈ ਏ ਸਿਹਤ ਜਾਂ ਸੁਰੱਖਿਆ ਨੂੰ ਖਤਰਿਆਂ ਬਾਰੇ ਬਹੁਤ ਫਿਕਰਮੰਦ ਹੁੰਦੀ ਹੈ ਅਤੇ ਉਹ ਅੱਗੇ ਲਿਖੇ ਸਬੂਤ ਮੰਗੇਗੀ:
  - ਦੁਰਵਿਹਾਰ ਦੇ ਦੋਸ਼ਾਂ ਲਈ ਸਬੂਤ ਚਾਹੀਦੇ ਹਨ, ਜਿਵੇਂ ਕਿ ਪੁਲੀਸ ਰਿਪੋਰਟ, ਹਸਪਤਾਲ ਦੀ ਜਾਂ ਮੈਡੀਕਲ ਰਿਪੋਰਟ, ਜਾਂ ਕੋਰਟ ਦਾ ਆਰਡਰ।
  - ਜਦੋਂ ਐੱਮ ਈ ਆਈ ਏ ਇਹ ਸਮਝੇ ਕਿ ਹੁਣ ਖਤਰਾ ਨਹੀਂ ਰਿਹਾ ਤਾਂ ਤੁਹਾਨੂੰ ਫਿਰ ਤੋਂ ਪੈਸੇ ਮੋੜਣੇ ਸ਼ੁਰੂ ਕਰਨੇ ਪੈਣਗੇ।
  - ਇਹ ਦੇਖਣ ਲਈ ਤੁਹਾਡੇ ਕੇਸ ’ਤੇ ਸਾਲ ਵਿਚ ਘੱਟੋ ਘੱਟ ਇਕ ਵਾਰੀ ਪੜਚੋਲ ਕੀਤੀ ਜਾਵੇਗੀ ਕਿ ਕੀ ਅਜੇ ਵੀ ਖਤਰਾ ਮੌਜੂਦ ਹੈ।
  - ਥੋੜ੍ਹੇ ਸਮੇਂ ਲਈ ਪੈਸੇ ਉਗਰਾਹੁਣਾ ਬੰਦ ਕਰਨ ਨਾਲ ਕਰਜ਼ਾ ਮੁਆਫ਼ ਨਹੀਂ ਹੁੰਦਾ ਜਾਂ ਹੋਰ ਕਰਜ਼ਾ ਅਤੇ ਵਿਆਜ ਜਮ੍ਹਾਂ ਹੋਣ ਉੱਤੇ ਰੋਕ ਨਹੀਂ ਲਗਦੀ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

- **ਸਪੌਂਸਰਸ਼ਿਪ ਪ੍ਰੋਗਰਾਮ ਇਨਫਰਮੇਸ਼ਨ**
  ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ
  ਫੋਨ: **1-888-242-2100**
  www.cic.gc.ca/English/sponsor/index.html
- **ਸਪੌਂਸਰਸ਼ਿਪ ਡਿਫਾਲਟ ਇਨਫਰਮੇਸ਼ਨ**
  ਮਨਿਸਟਰੀ ਆਫ਼ ਇਮਪਲੌਏਮੈਂਟ ਐਂਡ ਇਨਕਮ ਅਸਿਸਟੈਂਸ
  ਫੋਨ: **1-877-815-2363**
  www.eia.gov.bc.ca/factsheets/2005/Sponsorship_Default.htm

BRITISH COLUMBIA

© Provincial Government of British Columbia - 05/2007

# ਫੈਮਿਲੀ ਕਲਾਸ ਸਪੌਂਸਰਸ਼ਿਪ: ਆਪਣੇ ਇਕਰਾਰਨਾਮੇ ਤੋਂ ਕੁਤਾਹੀ ਕਰਨਾ

**Family Class Sponsorship: Defaulting on an Undertaking [Punjabi]**



BRITISH COLUMBIA

## ਫੈਮਿਲੀ ਕਲਾਸ ਸਪੌਂਸਰਸ਼ਿਪ ਕੀ ਹੈ? ਸਪੌਂਸਰ ਵਜੋਂ ਮੇਰੀਆਂ ਕੀ ਜ਼ਿੰਮੇਵਾਰੀਆਂ ਹਨ?

- ਜੇ ਤੁਸੀਂ ਕੈਨੇਡਾ ਦੇ ਸਿਟੀਜ਼ਨ ਜਾਂ ਪੱਕੇ ਵਸਨੀਕ ਹੋ ਤਾਂ ਤੁਸੀਂ ਆਪਣੇ ਪਰਿਵਾਰ ਦੇ ਨੇੜੇ ਦੇ ਮੈਂਬਰਾਂ (ਪਤਨੀ/ਪਤੀ, ਬੱਚਿਆਂ, ਮਾਪਿਆਂ, ਦਾਦਾ/ਦਾਦੀ ਨਾਨਾ/ਨਾਨੀ) ਨੂੰ ਕੈਨੇਡਾ ਪੱਕੇ ਤੌਰ 'ਤੇ ਸੱਦਣ ਲਈ ਸਪੌਂਸਰ ਕਰ ਸਕਦੇ ਹੋ। ਸਪੌਂਸਰ ਵਜੋਂ ਤੁਸੀਂ **ਫੈਮਿਲੀ ਕਲਾਸ ਸਪੌਂਸਰਸ਼ਿਪ ਅੰਡਰਟੇਕਿੰਗ** ਨਾਂ ਦੇ ਇਕ ਫਾਰਮ 'ਤੇ ਦਸਖ਼ਤ ਕਰੋਗੇ। ਇਹ ਅੰਡਰਟੇਕਿੰਗ (ਇਕਰਾਰਨਾਮਾ) ਆਪਣੇ ਸਪੌਂਸਰ ਕੀਤੇ ਗਏ ਪਰਿਵਾਰ ਦੇ ਮੈਂਬਰ ਨੂੰ 10 ਸਾਲਾਂ ਤੱਕ ਦੇ ਸਮੇਂ ਲਈ ਮੁਢਲੀ ਮਦਦ (ਮੈਡੀਕਲ, ਮਾਇਕ ਆਦਿ) ਦੇਣ ਲਈ ਤੁਹਾਨੂੰ ਜ਼ਿੰਮੇਵਾਰ ਬਣਾਉਂਦਾ ਹੈ।
- ਜੇ ਤੁਸੀਂ ਸਪੌਂਸਰਸ਼ਿਪ ਲਈ ਲੋੜੀਂਦੀ ਆਮਦਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਪਰ ਪਰਿਵਾਰ ਦੇ ਕਿਸੇ ਮੈਂਬਰ ਨੂੰ ਸਪੌਂਸਰ ਕਰਨਾ ਚਾਹੁੰਦੇ ਹੋ ਤਾਂ ਅੰਡਰਟੇਕਿੰਗ (ਇਕਰਾਰਨਾਮੇ) 'ਤੇ ਤੁਹਾਡੀ ਪਤਨੀ/ਤੁਹਾਡੇ ਪਤੀ ਜਾਂ ਕੌਮਨ-ਲਾਅ ਪਾਰਟਨਰ ਵਲੋਂ ਵੀ ਦਸਖ਼ਤ ਕੀਤੇ ਜਾ ਸਕਦੇ ਹਨ, ਜੋ ਕਿ ਤੁਹਾਡੇ ਵਾਲੀਆਂ ਹੀ ਜ਼ਿੰਮੇਵਾਰੀਆਂ ਲੈਂਦੀ/ਲੈਂਦਾ ਹੈ।
- ਅੰਡਰਟੇਕਿੰਗ 'ਤੇ ਦਸਖ਼ਤ ਕਰਕੇ ਤੁਸੀਂ ਇਸ ਚੀਜ਼ ਲਈ ਵੀ ਸਹਿਮਤ ਹੁੰਦੇ ਹੋ ਕਿ ਜੇ ਇਕਰਾਰਨਾਮੇ ਦੇ ਸਮੇਂ ਦੌਰਾਨ (10 ਸਾਲਾਂ ਤੱਕ) ਤੁਹਾਡੇ ਵਲੋਂ ਸਪੌਂਸਰ ਕੀਤਾ ਗਿਆ ਪਰਿਵਾਰ ਦਾ ਮੈਂਬਰ, ਸੂਬੇ ਦੀ ਸਰਕਾਰ ਤੋਂ ਇਨਕਮ ਅਸਿਸਟੈਂਸ (ਵੈਲਫੇਅਰ) ਲੈਂਦਾ ਹੈ ਤਾਂ ਤੁਸੀਂ ਇਹ ਪੈਸੇ ਵਾਪਸ ਮੋੜੋਗੇ। **ਇਸ ਨੂੰ ਸਪੌਂਸਰਸ਼ਿਪ ਡਿਫਾਲਟ ਡੈੱਟ ਕਿਹਾ ਜਾਂਦਾ ਹੈ।**
- ਸੂਬੇ ਦੀ ਸਰਕਾਰ ਤੋਂ ਸਹਾਇਤਾ ਵਜੋਂ ਲਏ ਗਏ ਪੈਸੇ ਵਾਪਸ ਮੋੜਨ ਦੀ ਜ਼ਿੰਮੇਵਾਰੀ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਨਹੀਂ ਸਗੋਂ ਤੁਹਾਡੀ ਹੈ। ਜੇ ਤੁਸੀਂ ਸਪੌਂਸਰਸ਼ਿਪ ਡੈੱਟ (ਕਰਜ਼ਾ) ਨਹੀਂ ਮੋੜਦੇ ਤਾਂ ਹੋ ਸਕਦਾ ਤੁਸੀਂ ਭਵਿੱਖ ਵਿਚ ਪਰਿਵਾਰ ਦੇ ਹੋਰ ਮੈਂਬਰ ਸੱਦਣ ਦੇ ਹੱਕਦਾਰ ਨਾ ਰਹੋ।
- ਅੰਡਰਟੇਕਿੰਗ 'ਤੇ ਦਸਖ਼ਤ ਕਰਕੇ ਤੁਸੀਂ ਇਹ ਬਿਆਨ ਦੇ ਰਹੇ ਹੋ ਕਿ ਤੁਸੀਂ ਜੋ ਪੜ੍ਹਿਆ ਹੈ ਉਸ ਨੂੰ ਸਮਝਦੇ ਹੋ, ਅਤੇ ਜੇ ਕੋਈ ਚੀਜ਼ ਤੁਸੀਂ ਨਹੀਂ ਸਮਝੀ ਤਾਂ ਤੁਸੀਂ ਉਸ ਨੂੰ ਸਮਝਣ ਬਾਰੇ ਮਦਦ ਮੰਗੀ ਹੈ ਅਤੇ ਤੁਹਾਨੂੰ ਇਹ ਮਦਦ ਮਿਲੀ ਹੈ।
- ਫੈਮਿਲੀ ਕਲਾਸ ਸਪੌਂਸਰਸ਼ਿਪ ਦੀ ਅੰਡਰਟੇਕਿੰਗ ਕਾਨੂੰਨੀ ਤੌਰ 'ਤੇ ਲਾਗੂ ਹੁੰਦੀ ਹੈ ਅਤੇ ਇਹ ਸਪੌਂਸਰਸ਼ਿਪ ਦਾ ਸਾਰਾ ਸਮਾਂ (10 ਸਾਲਾਂ ਤੱਕ) ਲਾਗੂ ਰਹਿੰਦੀ ਹੈ।
- ਸਪੌਂਸਰ ਵਜੋਂ, ਤੁਸੀਂ ਆਪਣੇ ਪਰਿਵਾਰ ਦੇ ਮੈਂਬਰ ਲਈ ਜ਼ਿੰਮੇਵਾਰ ਹੋ, ਭਾਵੇਂ ਕਿ ਹਾਲਤਾਂ ਵਿਚ ਕੋਈ ਤਬਦੀਲੀ ਹੋਈ ਹੈ ਜਾਂ ਤੁਹਾਡੇ ਪਰਿਵਾਰ ਵਿਚ ਤਬਦੀਲੀਆਂ/ਸਮੱਸਿਆਵਾਂ ਆਈਆਂ ਹਨ, ਜਿਵੇਂ ਕਿ ਵਿਆਹ ਟੁੱਟ ਗਿਆ ਹੈ।

## ਜੇ ਮੇਰੇ ਵਲੋਂ ਸਪੌਂਸਰ ਕੀਤਾ ਗਿਆ ਪਰਿਵਾਰ ਦਾ ਮੈਂਬਰ ਸੂਬਾਈ ਸਰਕਾਰ ਤੋਂ ਇਨਕਮ ਅਸਿਸਟੈਂਸ ਲੈਣ ਲਈ ਅਪਲਾਈ ਕਰਦਾ ਹੈ?

- ਮਨਿਸਟਰੀ ਆਫ਼ ਇਮਪਲੌਏਮੈਂਟ ਐਂਡ ਇਨਕਮ ਅਸਿਸਟੈਂਸ (ਐੱਮ ਈ ਆਈ ਏ) ਤੁਹਾਨੂੰ ਇਹ ਦੱਸੇਗੀ ਕਿ ਤੁਹਾਡੇ ਪਰਿਵਾਰ ਦੇ ਮੈਂਬਰ ਨੇ ਸੂਬੇ ਦੀ ਸਰਕਾਰ ਤੋਂ ਮਾਇਕ ਸਹਾਇਤਾ ਮੰਗੀ ਹੈ ਅਤੇ ਇਹ ਚੈੱਕ ਕਰੇਗੀ ਕਿ ਕੀ ਤੁਸੀਂ ਆਪਣੇ ਪਰਿਵਾਰ ਦੇ ਮੈਂਬਰ ਦੀ ਮਾਇਕ ਸਹਾਇਤਾ ਕਰ ਸਕਦੇ ਹੋ, ਭਾਵੇਂ ਉਹ ਵਿਅਕਤੀ ਤੁਹਾਡੇ ਨਾਲ ਨਾ ਵੀ ਰਹਿੰਦਾ ਹੋਵੇ। ਜੇ ਤੁਸੀਂ ਮਦਦ ਕਰ ਸਕਦੇ ਹੋਵੋ ਤਾਂ ਤੁਸੀਂ ਆਪਣੇ ਪਰਿਵਾਰ ਦੇ ਮੈਂਬਰ ਲਈ ਮਾਇਕ ਤੌਰ 'ਤੇ ਜ਼ਿੰਮੇਵਾਰ ਹੋਵੋਗੇ ਅਤੇ ਸੂਬੇ ਦੀ ਸਰਕਾਰ ਉਸ ਵਿਅਕਤੀ ਨੂੰ ਮਾਇਕ ਸਹਾਇਤਾ ਨਹੀਂ ਦੇਵੇਗੀ। ਜੇ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਸਹਾਇਤਾ ਲਈ ਮਨਜ਼ੂਰ ਕਰ ਲਿਆ ਜਾਂਦਾ ਹੈ ਤਾਂ ਤੁਸੀਂ ਆਪਣੇ ਇਕਰਾਰਨਾਮੇ ਤੋਂ ਕੁਤਾਹੀ ਕਰਦੇ ਹੋ ਤਾਂ ਉਸ ਨੂੰ **ਦਿੱਤੇ ਗਏ ਪੈਸੇ ਤੁਹਾਡੀ ਜ਼ਿੰਮੇਵਾਰੀ** ਬਣ ਜਾਂਦੇ ਹਨ। ਬ੍ਰਿਟਿਸ਼ ਕੋਲੰਬੀਆ ਮਨਿਸਟਰੀ ਆਫ਼ ਸਮਾਲ ਬਿਜ਼ਨਸ ਐਂਡ ਰੈਵੇਨਿਊ ਇਹ ਕਰਜ਼ਾ ਤੁਹਾਡੇ ਤੋਂ ਉਗਰਾਹੇਗੀ। ਪੈਸੇ ਵਾਪਸ ਮੰਗਣ ਦੀ ਚਿੱਠੀ ਤੁਹਾਨੂੰ ਮਿਲਣ ਤੋਂ ਫੌਰਨ ਬਾਅਦ ਇਸ ਰਕਮ 'ਤੇ ਵਿਆਜ ਵੀ ਪੈਣਾ ਸ਼ੁਰੂ ਹੋ ਸਕਦਾ ਹੈ।